ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ
ਰਾਜ ਸਿਹਤ ਤੇ ਪਰਿਵਾਰ ਭਲਾਈ ਸੰਸਥਾ ਫੇਜ਼-6,
ਸ਼ਾਹਿਬਜਾਦਾ ਅਜੀਤ ਸਿੰਘ ਨਗਰ
ਫੋਨ ਨੰ: 0172-2262938, 2263938, ਫੈਕਸ ਨੰ : 0172 - 2266938
Visit us at : www. punjabhealth.co.in : E-mail: adaphsc@yahoo.com

ਨੰ.ਪੀ.ਐਚ.ਐਸ.ਸ਼ੀ/15/ਸੀ-8/ 436-482 ਮਿਤੀ: 14/8/15

ਵੱਲ:

1. ਸਮੂਹ ਸਿਵਲ ਸਰਜਨ,
   ਪੰਜਾਬ।
2. ਮੈਡੀਕਲ ਸੁਪਰਡੰਟ,
   ਸਿਵਲ ਹਸਪਤਾਲ ਜਲੰਧਰ
3. ਮੈਡੀਕਲ ਸੁਪਰਡੰਟ,
   ਮਾਤਾ ਕੁਸ਼ਲਿਆ ਹਸਪਤਾਲ ਪਟਿਆਲਾ।

ਵਿਸ਼ਾ:- ਯੂਜਰ ਚਾਰਜਿਜ ਵਿਚੋ ਆਉਟਸੋਰਸਿੰਗ ਅਧੀਨ ਅਪਰੇਸ਼ਨ ਥੀਏਟਰ ਸਹਾਇਕ ਅਤੇ ਈ. ਸੀ. ਜੀ. ਟੈਕਨੀਸ਼ੀਅਨ ਦੀਆਂ ਸੇਵਾਵਾਂ ਲੈਣ ਬਾਰੇ ।

ਪੰਜਾਬ ਹੈਲਥ ਸਿਸਟਮਜ ਕਾਰਪੋਰੇਸ਼ਨ ਵਲੋ ਪੱਤਰ ਨੰ. ਪੀ.ਐਚ.ਐਸ.ਸੀ/ਡੀ.ਪੀ.ਐਫ/14/1443-1489 ਮਿਤੀ 04.12.14 ਰਾਂਹੀ ਹਦਾਇਤਾਂ ਜਾਰੀ ਕੀਤੀਆ ਗਈਆ ਸਨ ਕਿ ਹਸਪਤਾਲਾਂ ਵਿਚ ਆਉਟਸੋਰਸਿੰਗ ਅਜੰਸ਼ੀ ਰਾਂਹੀ ਲੋੜ ਅਨੁਸਾਰ ਰੇਡਿਉਗ੍ਰਾਫਰ, ਲੈਬ ਟੈਕਨੀਸੀਅਨ ਅਤੇ ਸਟਾਫ ਨਰਸਾਂ ਦੀਆਂ ਸੇਵਾਵਾਂ ਹਸਪਤਾਲਾਂ ਵਿਚ ਲਈਆ ਜਾ ਸਕਦੀਆ ਹਨ।

ੳ. ਉਪਰੋਕਤ ਹਦਾਇਤਾ ਦੀ ਲਗਾਤਾਰਤਾ ਵਿਚ ਯੂਜਰ ਚਾਰਜਿਜ ਵਿਚੋ ਆਉਟਸੋਰਸਿੰਗ ਅਧੀਨ ਅਪਰੇਸ਼ਨ ਥੀਏਟਰ ਸਹਾਇਕ ਅਤੇ ਈ. ਸੀ. ਜੀ. ਟੈਕਨੀਸ਼ੀਅਨ ਦੀਆਂ ਸੇਵਾਵਾਂ ਲੋੜ ਅਨੁਸਾਰ ਆਉਟਸੋਰਸਿੰਗ ਅਜੰਸ਼ੀ ਵਲੋ ਲੈਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਅ. ਇਹਨਾਂ ਸ੍ਰੇਣੀਆਂ ਦੀ ਵਿਦਿਅਕ ਯੋਗਤਾ ਪੰਜਾਬ ਸਰਕਾਰ ਵਲੋ ਨਿਰਧਾਰਿਤ ਯੋਗਤਾ ਅਨੁਸਾਰ ਹੀ ਲਈ ਜਾਵੇ।

ੲ. ਆਉਟਸੋਰਸਿੰਗ ਅਜੰਸੀ ਵਲੋ ਕਿਰਤ ਵਿਭਾਗ ਵਲੋ ਮਿਥੀਆਂ ਘਟੋ ਘੱਟ ਉਜਾਰਤਾਂ ਦੀ ਪਾਲਣਾ ਕੀਤੀ ਜਾਵੇ।

ਸ. ਇਹ ਸੇਵਾਵਾਂ ਉਨਾਂ ਹਸਪਤਾਲਾਂ ਵਿਚ ਹੀ ਲਈਆਂ ਜਾਣ ਜਿਥੇ ਕਿ ਪ੍ਰਆਪਤ ਯੂਜਰ ਚਾਰਜਿਜ ਉਪਲਬਧ ਹਨ ਅਤੇ ਉਹ ਸਟਾਫ ਇਹਨਾਂ ਸੇਵਾਵਾਂ ਲਈ ਲਗਾਏ ਗਏ ਸਟਾਫ ਦੀ ਤਨਖਾਹ ਦੇਣ ਲਈ ਸਮਰੱਥ ਹਨ। ਕਿਸੇ ਵੀ ਹਸਪਤਾਲ ਨੂੰ ਸਰਕਾਰ ਵਲੋ ਜਾਂ ਪੰਜਾਬ ਹੈਲਥ ਸਿਸਟਮਜ ਕਾਰਪੋਰੇਸ਼ਨ ਵਲੋ ਨਵੇਂ ਰੱਖੇ ਸਟਾਫ ਲਈ ਰਾਸ਼ੀ ਉਪਲਬਧ ਨਹੀਂ ਕਰਵਾਈ ਜਾਵੇਗੀ।

2. ਇਹ ਹਦਾਇਤਾਂ ਰਾਜ ਦੇ ਸਮੂਹ ਸੀਨੀਅਰ ਮੈਡੀਕਲ ਅਫਸਰਾ ਦੀ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿਤ ਜਾਰੀ ਕੀਤੀਆ ਜਾਣ।

3. ਇਹ ਹਦਾਇਤਾਂ ਪ੍ਰਮੁੱਖ ਸਕੱਤਰ ਸਿਹਤ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀਆਂ ਜਾ ਰਹੀਆਂ ਹਨ।

ਨਿਰਦੇਸ਼ਕ (ਪ ਅਤੇ ਫ)
ਪੰਜਾਬ ਹੈਲਥ ਸਿਸਟਜਮ ਕਾਰਪੋਰੇਸ਼ਨ

ਉਪਰੋਕਤ ਦਾ ਉਤਾਰਾ ਹੈ ਲਿਖਿਆ ਨੂੰ ਸੂਚਨਾ ਹਿਤ ਪੇਸ਼ ਹੈ ਜੀ:-

1. ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ।
2. ਸਮੂਹ ਡਿਪਟੀ ਮੈਡੀਕਲ ਕਮਿਸ਼ਨਰ ਨੂੰ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿਤ।